# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025

ਅੰਕ-21ਵਾਂ

ISSN : 2395-1273

# ਸੰਵਾਦ

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* **+91 98724-56833**

**Chief Editor:** *Dr. Atam Singh Randhawa* **+91 98722-17273**

**ISSN : 2395-1273** | **January-June 2025**



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❐ **ਸੰਪਾਦਕੀ** 5

❐ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❐ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❐ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❐ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❐ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❐ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❐ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❐ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❐ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❐ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❐ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ 91
ਡਾ. ਸਰਬਜੀਤ ਸਿੰਘ

❐ ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ 97
ਡਾ. ਪ੍ਰਕਾਸ਼ ਸਿੰਘ

❐ ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ 112
ਡਾ. ਸਤਵੀਰ ਸਿੰਘ

❐ ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ 124
ਡਾ. ਗੁਰਪ੍ਰੀਤ ਸਿੰਘ ਸੋਢੀ

❐ ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼ 128
ਡਾ. ਰੁਪਿੰਦਰ ਕੌਰ

❐ ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ 131
ਦਲਜੀਤ ਕੌਰ

❐ ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ 138
ਡਾ. ਪਵਨ ਸਰਵਰ

❐ ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ
ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ 147
ਕੁਲਜੀਤ ਸਿੰਘ


❐ ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
ਡਾ. ਪਰਮਜੀਤ ਢੀਂਗਰਾ

◈


ISSN : 2395-1273



# ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
## ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ

**ਡਾ. ਜਸਵਿੰਦਰ ਸਿੰਘ**

ਪ੍ਰੋਫ਼ੈਸਰ (ਸੇਵਾ ਮੁਕਤ), ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
✆ 9872860245

### 1. ਸੰਖੇਪ ਜੀਵਨ ਵੇਰਵਾ

ਡਾ. ਸੋਹਿੰਦਰ ਸਿੰਘ ਬੇਦੀ ਦਾ ਜਨਮ ਸਰਦਾਰ ਸੁੰਦਰ ਸਿੰਘ ਦੇ ਘਰ 29 ਨਵੰਬਰ, 1924 ਨੂੰ ਪਿੰਡ ਗੁੜਾ ਉੱਤਮ ਸਿੰਘ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ, ਜੋ ਹੁਣ ਪਾਕਿਸਤਾਨ ਵਿਚ ਹੈ। ਆਪ ਦੇ ਪਿਤਾ ਰੇਲਵੇ ਵਿਚ ਮੁਲਾਜ਼ਮ ਸਨ ਅਤੇ ਉਹ ਸਿੰਘ ਸਭਾ ਲਹਿਰ ਦੇ ਡੂੰਘੇ ਪ੍ਰਭਾਵ ਵਿਚ ਸਨ। ਬੇਦੀ ਦੇ ਜਨਮ ਦੀ ਤਰੀਕ ਤੇ ਪਿੰਡ ਬਾਰੇ ਵੇਰਵਿਆਂ ਵਿਚ ਕੁਝ ਅੰਤਰ ਵੀ ਵੱਖ-ਵੱਖ ਥਾਈਂ ਮਿਲਦਾ ਹੈ। ਮਿਸਾਲ ਵਜੋਂ ਪੁਸਤਕ **ਸ ਸ ਵਣਜਾਰਾ ਬੇਦੀ: ਨਵੇਂ ਆਲੋਚਕਾਂ ਦੀ ਨਜ਼ਰ ਵਿਚ** ਦੇ ਪੰਨਾ 21-22 ਅਨੁਸਾਰ ਸਰਟੀਫਿਕੇਟਾਂ ਅਨੁਸਾਰ ਉਹਨਾਂ ਦਾ ਜਨਮ 1 ਅਪ੍ਰੈਲ, 1925 ਦਾ ਹੈ। ਏਥੇ ਪਿੰਡ ਦਾ ਨਾਂ ਧਿਆਨ ਕੋਟ ਲਿਖਿਆ ਹੈ। ਦਾਦਕੇ ਧਨ ਤੇ ਨਾਨਕੇ ਪੋਠੋਹਾਰ ਖੇਤਰ ਦੇ ਹੋਣ ਕਰਕੇ ਆਪ ਦੀ ਸ਼ਖ਼ਸੀਅਤ, ਜੀਵਨ ਸ਼ੈਲੀ ਤੇ ਬੋਲੀ ਉਤੇ ਇਸ ਦਾ ਡੂੰਘਾ ਪ੍ਰਭਾਵ ਹੈ। ਖ਼ਾਸ ਕਰਕੇ ਉਹਨਾਂ ਦੀਆਂ ਸਾਹਿਤਕ ਲਿਖਤਾਂ ਵਿਚ ਇਸ ਇਲਾਕੇ ਦੀ ਸਜੀਵ ਅਮੀਰ ਲੋਕਧਾਰਾ ਅਤੇ ਲੋਕ-ਬੋਲੀ ਦੀ ਮਨਭਾਉਂਦੀ ਮਹਿਕ ਪਸਰੀ ਹੋਈ ਹੈ। ਆਪ ਨੂੰ ਲੋਕਾਂ ਦੇ ਬਹੁਰੰਗੇ ਜੀਵਨ ਨੂੰ ਜਾਨਣ ਮਾਨਣ ਦਾ ਅਵੱਲਾ ਅਨੂਠਾ ਸ਼ੌਂਕ ਸੀ। ਇਹੀ ਤੀਬਰ ਰੁਚੀ ਦਸਵੀਂ ਵਿਚ ਪੜ੍ਹਦਿਆਂ ਉਸਨੂੰ ਲੋਕਧਾਰਾ ਇਕੱਤਰ ਕਰਨ ਵੱਲ ਲੈ ਤੁਰੀ। ਉਸਨੇ ਅਖਾਣ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਏਸੇ ਜਨੂੰਨ ਵਿਚ ਆਪ ਨੇ ਆਪਣਾ ਸਾਹਿਤਕ ਨਾਂ ਵਣਜਾਰਾ ਬੇਦੀ ਧਾਰਨ ਕੀਤਾ।

ਡੀ.ਏ.ਵੀ. ਕਾਲਜ ਲਾਹੌਰ ਤੋਂ ਐਫ.ਏ. ਕਰਦੇ ਦਿਨੀਂ ਉਹਨਾਂ ਦੀ ਪਹਿਲੀ ਕਵਿਤਾ ਦੀ ਪੁਸਤਕ **ਖੁਸ਼ਬੂਆਂ** ਛਪੀ। ਮਗਰੋਂ ਦੋ ਹੋਰ ਕਾਵਿ ਪੁਸਤਕਾਂ **ਕੰਵਲ ਪੱਤੀਆਂ** ਅਤੇ **ਪਾਣੀ ਅੰਦਰ ਲੀਕ** ਛਪੀਆਂ। ਕਵਿਤਾ ਦਾ ਇਕ ਨਮੂਨਾ ਪੇਸ਼ ਹੈ:

> *ਝੂਠ ਕਹਿੰਦੇ ਲੋਕ, ਇਸ਼ਕ ਪਾਪ ਨੀ*
> *ਲੋਕਾਂ ਦੇ ਤਾਂ ਗਲਤ ਸਦਾ ਮਾਪ ਨੀ।*
> *ਤੇਰੇ ਅੰਦਰੋਂ ਨੂਰ ਅੜੀਏ ਵੇਖਿਆ*
> *ਏਸੇ ਲਈ ਮੈਂ ਕਰਦਾ ਤੇਰਾ ਜਾਪ ਨੀ।* (ਕੰਵਲ ਪੱਤੀਆਂ, ਲੋਕ ਪ੍ਰਕਾਸ਼ਨ, ਅੰਬਾਲਾ ਛਾਉਣੀ, 1956 ਪੰ. 102)

ਪਿਤਾ ਦੀ ਮੌਤ ਉਪਰੰਤ ਵੱਡਾ ਪੁੱਤਰ ਹੋਣ ਕਰਕੇ ਸਾਰੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵਣਜਾਰਾ ਬੇਦੀ ਦੇ ਸਿਰ ਉਤੇ ਆਣ ਪਈਆਂ। ਉਦੋਂ ਉਹ ਬੀ.ਏ. ਕਰਕੇ ਬੈਂਕ ਵਿਚ ਨੌਕਰੀ ਕਰਦੇ ਸਨ। ਜਿਸਨੂੰ ਉਸਨੇ ਤਾ-ਉਮਰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਇਆ। ਉਹ 22 ਸਾਲਾਂ ਦਾ ਸੀ, ਜਦੋਂ ਦੇਸ਼ ਦੇ ਬਟਵਾਰੇ ਨੇ ਲੱਖਾਂ ਪੰਜਾਬੀਆਂ ਵਾਂਗ ਸਮੇਤ ਪਰਿਵਾਰ ਉਜਾੜ ਕੇ ਕਾਫ਼ਲਿਆਂ ਕੈਂਪਾਂ ਵਿਚ ਰੋਲ-ਮਧੋਲ ਕੇ ਏਧਰਲੇ ਪੰਜਾਬ ਦੇ ਸ਼ਹਿਰ ਪਟਿਆਲਾ ਲਿਆ ਸੁੱਟਿਆ। ਉਸਨੇ ਦੋ ਡੰਗ ਦੀ ਰੋਟੀ ਲਈ ਕਈ ਪਾਪੜ ਵੇਲੇ। ਬੇਘਰ ਲੱਖਾਂ ਲੋਕ ਸਨ ਤੇ ਕੰਮ ਕਰਾਉਣ ਵਾਲੇ ਟਾਂਵੇਂ-ਟਾਂਵੇਂ, ਉਹਨਾਂ ਵਿਚੋਂ ਵੀ ਜ਼ਿਆਦਾ ਸੱਜਣ ਠੱਗ! ਉਦਾਸ ਹੋ ਉਸਨੇ ਦਿੱਲੀ ਦਾ ਰਾਹ ਫੜਿਆ:

> "ਪਰ ਪਟਿਆਲਾ ਉਦੋਂ ਇਤਨਾ ਛੋਟਾ ਤੇ ਪਛੜਿਆ ਸ਼ਹਿਰ ਸੀ ਕਿ ਇਥੇ ਵੱਡੇ ਸੁਪਨੇ ਲਏ ਹੀ ਨਹੀਂ ਸੀ ਜਾ ਸਕਦੇ।" (ਗਲੀਏ ਚਿੱਕੜ ਦੂਰਿ ਘਰੁ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰ. 15)

ਪੈਰ ਟਿਕਾਉਣ ਲਈ ਉਸਨੇ ਪਟਿਆਲੇ ਤੇ ਫਿਰ ਦਿੱਲੀ ਵੰਨ-ਵੰਨ ਦੇ ਕੰਮ-ਧੰਦੇ ਕੀਤੇ, ਜਿਵੇਂ ਠੇਕੇਦਾਰਾਂ ਨਾਲ ਮੁਨਸ਼ੀ ਵਜੋਂ, ਇਕ ਲਿਹਾਜ਼ੀ ਨਾਲ ਭਿਆਲੀ ਪਾ ਕੇ ਫੜੀ ਲਾਈ, ਸਿਨੇਮਾ ਘਰ ਵਿਚ ਗੇਟ ਤੇ ਟਿਕਟਾਂ ਦੀ ਚੈਕਿੰਗ, ਆਰਮੀ ਵਿਚ ਢੋਆ ਢੁਆਈ ਵਿਚ ਹੈਲਪਰ, ਰਸਾਲਿਆਂ ਦਾ ਸੰਪਾਦਕ ਆਦਿ। ਉਸਨੂੰ ਕਿੰਨੇ ਕੌੜੇ ਭੈੜੇ ਅਨੁਭਵਾਂ ਅਤੇ ਆਰਥਿਕ ਤੰਗੀਆਂ ਦੁਸ਼ਵਾਰੀਆਂ ਵਿਚੋਂ ਗੁਜ਼ਰਨਾ ਪਿਆ, ਇਹ ਪੜ੍ਹ ਕੇ ਦਿਲ ਦੁਖਦਾ ਹੈ: ਕਦੇ ਕਦੇ ਉਸਦੀ ਪਤਨੀ ਟਕੋਰ ਲਾਉਂਦੀ ਉਸਨੂੰ 'ਮੁਨਸ਼ੀ ਜੀ' ਆਖ ਛੇੜਦੀ। ਹਿਰਦੇ 'ਤੇ ਕੀ ਵਾਪਰਦੀ, ਉਹਨਾਂ ਦੇ ਲਫ਼ਜ਼ਾਂ ਹਨ: "ਇਹ ਸ਼ਬਦ ਮੈਨੂੰ ਚੁਆਤੀ ਵਾਂਗ ਲਗਦਾ।" (ਗਲੀਏ ਚਿੱਕੜ ਦੂਰਿ ਘਰੁ, ਪੰ. 26)


(ਪੰਨੇ 36–43)
**www.sanvad.org**
ISSN : 2395-1273

ਉਸਨੇ ਵੀ ਆਪਣੇ ਵਰਗੇ ਲੱਖਾਂ ਪਰਿਵਾਰਾਂ ਤਰ੍ਹਾਂ ਇਹ ਨਰਕ ਸਾਲਾਂ ਬੱਧੀ ਹੰਢਾਇਆ। ਪਰ ਉਹ ਸਿਦਕੀ, ਹੱਠੀ, ਮਿਹਨਤੀ ਤੇ ਉਚ ਇਨਸਾਨੀ ਕਦਰਾਂ ਕੀਮਤਾਂ ਨੂੰ ਪ੍ਰਣਾਇਆ ਸ਼ਖ਼ਸ ਸੀ। ਉਸ ਗੋਡੇ ਨਹੀਂ ਟੇਕੇ:

> "ਇਕ ਵਾਰ ਸ਼ਾਮੀਂ ਦਾਲ ਚਾੜ੍ਹਨੀ ਸੀ। ਘਰ ਨਿਮਕ ਨਹੀਂ ਸੀ। ਨਿਮਕ ਲਿਆਉਣ ਵਾਸਤੇ ਦੋ ਪੈਸੇ ਕਿਥੋਂ ਲਿਆਈਏ।" (ਗਲੀਏ ਚਿਕੜ ਦੂਰਿ ਘਰੁ, ਪੰ. 133)

ਅਤਿ ਮੰਦਹਾਲੀ ਵਿਚੋਂ ਰਾਹ ਬਣਾਉਣ ਦੀ ਪ੍ਰਬਲ ਰੁਚੀ ਦੇ ਬਲਬੂਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰਾਈਵੇਟ ਐਮ.ਏ. ਪੰਜਾਬੀ ਕਰਕੇ ਉਸਨੇ ਟਿਊਸ਼ਨਾਂ ਦਾ ਧੰਦਾ ਅਪਣਾਇਆ। ਇਸਨੇ ਉਹਦੇ ਪੜ੍ਹਨ ਲਿਖਣ ਪੜ੍ਹਾਉਣ ਦੇ ਜਨੂੰਨ ਸਦਕਾ ਕੁਝ ਪੈਰ ਲਾ ਦਿੱਤੇ। ਉਹ ਆਪਣੇ ਸੁਪਨਿਆਂ ਦੇ ਹਾਣ ਦਾ ਹੋਣ ਤੇ ਜੀਣ ਦੇ ਸਫ਼ਰ ਉਤੇ ਸਾਬਤ ਕਦਮੀਂ ਹੋ ਤੁਰਿਆ। ਅਤਿ ਸਾਦਾ ਜੀਵਨ ਨਿਰਬਾਹ ਕਰ, ਸਬਰ ਸੰਤੋਖ ਵਾਲੀ ਪਤਨੀ ਪੁਸ਼ਪਾ ਦੇ ਹੱਥ ਘੁੱਟ-ਘੁੱਟ ਖ਼ਰਚ ਕਰਨ ਦੀ ਆਦਤ ਸਦਕਾ ਭਲਿਆਂ ਸਮਿਆਂ 'ਚ ਦੋ ਦਿੱਲੀ, ਇਕ ਚੰਡੀਗੜ੍ਹ ਪਲਾਟ ਲਏ। ਫਿਰ ਵੇਚ ਵੱਟ ਰਾਜੌਰੀ ਗਾਰਡਨ ਵਿਖੇ ਘਰ ਬਣਾਇਆ। ਐਮ.ਏ. ਪੰਜਾਬੀ ਇੰਮਪਰੂਵ ਕਰਕੇ ਸਭ ਤੋਂ ਵੱਧ ਨੰਬਰ ਲੈ ਕੇ ਕੁਝ ਥਾਈਂ ਅਧਿਆਪਨ ਕਰ ਆਖ਼ਰ ਦਿਆਲ ਸਿੰਘ ਕਾਲਜ 1960 ਤੋਂ 1990 ਤੀਕ ਨੌਕਰੀ ਕਰ, ਸੀਨੀਅਰ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ। ਏਸੇ ਨੌਕਰੀ ਦੌਰਾਨ ਉਸਨੇ A ciritcal study of Punjaib Proverbs ਉਪਰ ਦਿੱਲੀ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਹਾਸਲ ਕੀਤੀ।

ਲੋਕਧਾਰਾ ਪ੍ਰਤਿ ਆਪਣੀ ਪ੍ਰਤਿਬੱਧਤਾ ਨੂੰ ਹੋਰ ਉੱਨਤ ਕਰਨ ਲਈ ਪਰੰਪਰਾ ਨਾਮ ਦਾ ਤ੍ਰੈਮਾਸਕ ਖੋਜ ਰਸਾਲਾ ਜੂਨ 1977 ਵਿਚ ਕੱਢਿਆ। ਉਹਨਾਂ ਪਹਿਲੇ ਅੰਕ ਵਿਚ ਲਿਖਿਆ ਕਿ ਇਹ ਲੋਕਧਾਰਾ ਬਾਰੇ ਪੰਜਾਬੀ ਦਾ ਜੇਠਾ ਤੇ ਇਕਲੌਤਾ ਤ੍ਰੈਮਾਸਕ ਰਸਾਲਾ ਹੈ। ਮਾਇਕ ਮੁਸ਼ਕਿਲਾਂ ਕਾਰਨ ਤਿੰਨ ਕੁ ਸਾਲਾਂ ਬਾਅਦ ਇਹ ਵੀ ਬੰਦ ਕਰਨਾ ਪਿਆ।

ਹੌਲੀ-ਹੌਲੀ ਉਸ ਦੀਆਂ ਲੋਕਧਾਰਾ ਬਾਰੇ ਲਿਖਤਾਂ ਦੀ ਚਰਚਾ ਵਧਦੀ ਗਈ। ਪੰਜਾਬੀਆਂ ਨੂੰ ਇਸ ਖੇਤਰ ਦੇ ਮੁੱਲ ਮਹੱਤਵ ਦਾ ਅਹਿਸਾਸ ਹੁੰਦਾ ਗਿਆ। ਉਹਨਾਂ ਨੂੰ ਆਦਰ ਸਨਮਾਨ ਮਿਲਣੇ ਸ਼ੁਰੂ ਹੋ ਗਏ। ਸਾਹਿਤ ਕਲਾ ਪਰਿਸ਼ਦ, ਦਿੱਲੀ ਨੇ ਉਹਨਾਂ ਨੂੰ 1978 ਵਿਚ ਸਾਹਿਤ ਅਵਾਰਡ ਦੇ ਕੇ ਸਨਮਾਨਿਆਂ। ਪੰਜਾਬੀ ਅਕਾਦਮੀ ਦਿੱਲੀ ਨੇ 1986 ਵਿਚ ਸਾਹਿਤਕ ਪੁਰਸਕਾਰ ਦਿਤਾ। ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਨੇ 1989 ਵਿਚ ਉਹਨਾਂ ਦੀ ਸਵੈਜੀਵਨੀ **ਗਲੀਏ ਚਿੱਕੜ ਦੂਰਿ ਘਰੁ** ਲਈ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਉਹਨਾਂ ਦਾ ਬੁਢਾਪਾ ਸਿਰ ਸੁੱਟ ਕੇ ਪੜ੍ਹਨ ਲਿਖਣ ਅਤੇ ਪਾਰਕਿਨਸਨ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਗੁਜ਼ਰਿਆ। ਅਨੰਤ ਸਿਰੜ ਨਾਲ ਉਸਨੇ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦੀਆਂ ਅੱਠੇ ਜਿਲਦਾਂ ਸੰਪੂਰਨ ਕੀਤੀਆਂ। ਬਿਨਾਂ ਸਰਕਾਰੀ ਜਾਂ ਹੋਰ ਮਦਦ ਲਏ ਛਾਪੀਆਂ। ਇਸ ਕੋਸ਼ ਦੇ ਤਿੰਨ ਕਾਲਮੀ 2168 ਪੰਨੇ ਹਨ। ਕੁਲ 5483 ਇੰਦਰਾਜ ਤੇ 21 ਲੋਕਧਾਰਾ ਦੇ ਅੱਡ-ਅੱਡ ਖੇਤਰਾਂ ਦੀ ਦੁਰਲੱਭ, ਭਰਪੂਰ ਤੇ ਪ੍ਰਮਾਣਿਕ ਜਾਣਕਾਰੀ ਦੇ ਨਾਲ-ਨਾਲ ਉਚ ਪਾਏ ਦਾ ਲੋਕਧਾਰਾ ਸ਼ਾਸਤਰੀ ਵਿਸ਼ਲੇਸ਼ਣ ਹੈ। ਇਹ ਉਹਨਾਂ ਦਾ ਮਹਾਨ ਖੋਜ ਕਾਰਜ ਹੈ, ਜੋ ਹਮੇਸ਼ਾ ਹਮੇਸ਼ਾ ਮੁੱਲਵਾਨ ਰਹੇਗਾ। ਸਗੋਂ ਜਿਵੇਂ-ਜਿਵੇਂ ਅਗਲੀਆਂ ਪੀੜ੍ਹੀਆਂ ਦੇ ਨਿਰੋਲ ਮੁਨਾਫ਼ਾਖੋਰ ਮੰਡੀ ਦੇ ਵਸਤਪਾਲ ਖਪਤਕਾਰੀ ਜੰਜਾਲ ਮਕੜਜਾਲ ਵਿਚ ਸਾਹ ਘੁਟੇਗਾ, ਉਹ ਆਪਣੀ ਨਿਗਰ ਸਵੱਸਥ ਵਿਰਾਸਤ ਵੱਲ ਵੇਖਣ ਪਰਤਣਗੇ। ਇਸ ਅਤੇ ਅਜਿਹੇ ਹੋਰ ਖ਼ਜ਼ਾਨਿਆਂ ਦਾ ਮੁੱਲ ਮਹੱਤਵ ਹੋਰ ਜ਼ਿਆਦਾ ਵਧੇਗਾ।

ਆਪਣੇ ਉੱਦਾਤ ਖ਼ੁਆਬਾਂ, ਅਡੋਲ ਇਰਾਦਿਆਂ ਉਤੇ ਪਹਿਰਾ ਦਿੰਦੇ, ਆਪਣੇ ਅਬੁੱਝ ਜਨੂੰਨ ਨੂੰ ਉਵੇਂ ਕਿਵੇਂ ਜੀਵੇ ਪ੍ਰਣਾਏ ਵਣਜਾਰਾ ਬੇਦੀ ਨੇ 26 ਅਗਸਤ 2001 ਨੂੰ ਦਿੱਲੀ ਵਿਖੇ ਆਖ਼ਰੀ ਸਵਾਸ ਪੂਰੇ ਕੀਤੇ।

## 2. ਲਿਖਤਾਂ

ਘਰ ਦੇ ਸੁਘੜ ਮਾਹੌਲ ਅਤੇ ਆਲੇ ਦੁਆਲੇ ਘਟਦੀਆਂ ਸੁਣੀਦੀਆਂ ਰੋਚਕ ਗੱਲਾਂ, ਘਟਨਾਵਾਂ ਨੇ ਬਾਲ ਬੇਦੀ ਦਾ ਸੰਵੇਦਨਸ਼ੀਲ ਮਨ ਟੁੰਬਿਆ। ਉਹ 'ਲੋਕਧਾਰਾ ਦੇ ਰਹੱਸਾਤਮਕ ਸੰਸਾਰ ਨੂੰ ਜਾਨਣ ਦੀ ਚੇਸ਼ਟਾ ਚੋਂ' ਇਸ ਦੀਆਂ ਪੈੜਾਂ ਨੱਪਣ ਦੇ ਰਾਹੇ ਪੈ ਗਿਆ। ਜਿਥੇ ਤਕ ਪੁੱਜ ਸਕਦਾ ਸੀ,ਉਹ ਇਸ ਦੀਆਂ ਵੰਨਗੀਆਂ ਵੇਖਣ ਭੱਜ ਜਾਂਦਾ। ਜੋ ਨਜ਼ਦੀਕ ਵਾਪਰਦਾ ਪੂਰੀ ਜਗਿਆਸਾ ਨਾਲ ਨਿਹਾਰਦਾ। ਜੋ ਪੁੱਛਾਂ ਮਨ 'ਚ ਲੂਹਰੀਆਂ ਲੈਂਦੀਆਂ, ਪੁੱਛਣੋ ਨਾ ਹਟਦਾ ਟਲਦਾ। ਏਸੇ ਤਿਖੀ ਤਲਬ ਨੇ ਮਾਪਿਆਂ ਦੇ ਸੋਹਿੰਦਰ ਸਿੰਘ ਬੇਦੀ ਨੂੰ ਵਣਜਾਰਾ ਬੇਦੀ ਬਣਨ ਦੇ ਅਵੱਲੇ ਪਰ ਮਾਅਨੇਖੇਜ਼ ਸਫ਼ਰਾਂ ਦਾ ਪਾਂਧੀ ਬਣਾਇਆ। ਇਸ ਤਲਬ ਨੂੰ ਉਸਨੇ ਹਿਰਦੇ 'ਚ ਹਰ ਪਲ ਪ੍ਰਜਵਲਿਤ ਰੱਖਿਆ। ਹਰ ਹਨੇਰੀ ਝੱਖੜ੍ਹ ਤੋਂ ਬਚਾਇਆ। ਹਰ ਸਾਹ ਨਾਲ ਨਿਭਾਇਆ।

ਪ੍ਰਾਪਤ ਅੱਡ-ਅੱਡ ਸ੍ਰੋਤਾਂ ਵਿਚੋਂ ਉਸਦੀਆਂ ਪੁਸਤਕਾਂ ਦੀ ਗਿਣਤੀ ਵੱਖ ਵੱਖ ਮਿਲਦੀ ਹੈ। ਗੂਗਲ 'ਤੇ ਪ੍ਰਾਪਤ ਸਾਹਿਤ ਦੇ ਸਿਤਾਰੇ ਲੜੀ 'ਚ ਇਕ ਲੇਖ ਵਿਚ ਉਸਦੀਆਂ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਦਾ ਜ਼ਿਕਰ ਹੈ। ਉਥੇ ਹੀ ਅੰਗਰੇਜ਼ੀ ਵਿਚ ਮਿਲਦੇ ਲੇਖ ਵਿਚ ਅੱਸੀ ਰਚਨਾਵਾਂ ਦਾ ਹਵਾਲਾ ਪ੍ਰਾਪਤ ਹੈ। ਕੁਝ ਪੁਸਤਕਾਂ ਦੇ ਮਿਲਦੇ ਹਵਾਲੇ ਸੰਦੇਹਜਨਕ ਹਨ। ਡਾ. ਤੇਜਿੰਦਰ ਸਿੰਘ ਦੇ ਛਪੇ ਪੀਐਚ ਡੀ ਥੀਸਜ 'ਲੋਕਧਾਰਾ ਸਿਧਾਂਤ ਚਿੰਤਨ ਅਤੇ ਵਣਜਾਰਾ ਬੇਦੀ' ਵਿਚ ਪੁਸਤਕਾਂ ਦਾ ਵੇਰਵਾ ਕਾਫੀ ਪ੍ਰਮਾਣਿਕ ਹੈ।

**ਪੁਸਤਕ ਵੇਰਵਾ**

1. **ਪੰਜਾਬੀ ਲੋਕਧਾਰਾ ਦਾ ਵਿਸ਼ਲੇਸ਼ਣ**

ੳ. ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਅੱਠ ਜਿਲਦਾਂ (ਉਂਝ ਪਹਿਲੀ ਜਿਲਦ ਵਿਚ ਦੋ ਭਾਗਾਂ ਯਾਨੀ ਦੋ ਪੁਸਤਕਾਂ ਦੀ ਸਮੱਗਰੀ ਇਕੋ ਜਿਲਦ ਵਿਚ ਛਪੀ ਹੈ), ਵਿਚ ਛਪਿਆ ਪੰਜਾਬੀ ਲੋਕਧਾਰਾ ਦਾ ਇਕ ਬੁਨਿਆਦੀ ਅਤੇ ਪ੍ਰਮਾਣਿਕ ਸ੍ਰੋਤ ਗ੍ਰੰਥ ਹੈ। ਇਸ ਕੋਸ਼ ਦੇ ਤਿੰਨ ਕਾਲਮੀ 2168 ਪੰਨੇ ਹਨ। ਕੁਲ 5403 ਇੰਦਰਾਜ ਹਨ। ਅੱਠਵੀਂ ਜਿਲਦ ਦੇ ਅੰਤ ਉਤੇ ਅਨੁਕ੍ਰਮਣਿਕਾ ਲਿਖ ਕੇ ਉਸਨੇ ਇਸ ਸ੍ਰੋਤ ਗ੍ਰੰਥ ਦੀ ਵਰਤੋਂ ਨੂੰ ਸੁਖਾਲਾ ਬਣਾਇਆ। ਇਸ ਕੋਸ਼ ਵਿਚ ਲੋਕਧਾਰਾ ਦੇ 21 ਖੇਤਰਾਂ ਨਾਲ ਸਬੰਧਤ ਗਿਆਨ ਨੂੰ ਇਕੱਤਰ ਕੀਤਾ ਗਿਆ ਹੈ। ਸਾਰੇ ਇੰਦਰਾਜ ਵਣਜਾਰਾ ਬੇਦੀ ਦੇ ਲਿਖੇ ਹੋਣ ਸਦਕਾ ਇਸ ਵਿਚ ਪੂਰੀ ਇਕਸਾਰਤਾ ਹੈ, ਕੋਈ ਅੰਤਰ ਵਿਰੋਧ ਵਿਚਾਰ ਨਹੀਂ ਹਨ। ਕੋਸ਼ਕਾਰੀ ਦੇ ਪ੍ਰਵਾਣਿਤ ਨੇਮਾਂ ਤੇ ਪੈਟਰਨਾਂ ਮੁਤਾਬਿਕ ਕ੍ਰਮਬੱਧ ਨਿਸਚਤ ਵਿਉਂਤ ਹੈ। ਆਪਣੇ ਬੇਹੱਦ ਸੀਮਤ ਸਾਧਨਾਂ ਦੇ ਬਾਵਜੂਦ ਸਾਰੇ ਖ਼ਰਚੇ ਪਲਿਓਂ ਕਰਕੇ ਉਸਨੇ ਆਪਣਾ ਜਨੂੰਨ ਪਾਲਿਆ।

ਅ. ਲੋਕਧਾਰਾ ਅਧਿਐਨ ਬਾਰੇ ਉਹਨਾਂ ਦੀਆਂ ਸੱਤ ਪੁਸਤਕਾਂ ਪ੍ਰਾਪਤ ਹਨ :

1. ਗੁਰੂ ਨਾਨਕ ਅਤੇ ਲੋਕ ਪ੍ਰਵਾਹ (1969)
2. ਲੋਕ ਪਰੰਪਰਾ ਅਤੇ ਸਾਹਿਤ (1977)
3. ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ (1977)
4. ਗੁਰੂ ਅਰਜਨ ਬਾਣੀ ਵਿਚ ਲੋਕ ਤੱਤ (1979)
5. ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ (1980)
6. ਲੋਕ ਧਰਮ (2003)
7. ਰੂਸੀ ਲੋਕਧਾਰਾ: ਇਕ ਜਾਣ ਪਛਾਣ (1986)

2. **ਲੋਕਧਾਰਾ ਬਾਰੇ ਇਕੱਤਰ ਸਾਮੱਗਰੀ ਦੀਆਂ ਅੱਠ ਪੁਸਤਕਾਂ ਹਨ:**

1. ਪੰਜਾਬ ਦੀਆਂ ਲੋਕ ਕਹਾਣੀਆਂ (1955)
2. ਪੰਜਾਬ ਦੀਆਂ ਜਨੌਰ ਕਹਾਣੀਆਂ (1955)
3. ਲੋਕ ਆਖਦੇ ਹਨ (1959)
4. ਇਕ ਘੁੱਟ ਰਸ ਦਾ (1966)
5. ਸੁਹਜ ਪ੍ਰਬੋਧ (1967)
6. ਪੰਜਾਬ ਦਾ ਲੋਕ ਸਾਹਿਤ (1968)
7. ਬਾਤਾਂ ਮੁੱਢ ਕਦੀਮ ਦੀਆਂ,ਜਿਲਦ ਇਕ 1979 ,ਜਿਲਦ ਦੋ 1982
8. ਲੋਕ ਬੀਰ ਰਾਜਾ ਰਸਾਲੂ (1981)

3. **ਆਤਮ ਕਥਾ ਵੰਨਗੀ:**

ਇਸ ਸਾਹਿਤਕ ਵਿਧਾ ਵਿਚ ਪੰਜ ਪੁਸਤਕਾਂ ਗਿਣੀਆਂ ਜਾਂਦੀਆਂ ਹਨ। ਹਾਲਾਂਕਿ **ਮੇਰਾ ਨਾਨਕਾ ਪਿੰਡ** ਅਤੇ **ਮੇਰਾ ਦਾਦਕਾ ਪਿੰਡ** ਮੂਲ ਮਕਸਦ ਪੱਖੋਂ ਬੇਦੀ ਨੇ ਪੰਜਾਬੀ ਲੋਕਧਾਰਾ ਦੇ ਜੀਵੇ ਅਨੁਭਵੇ ਨਿਜੀ ਜੀਵਨ 'ਚੋਂ ਪ੍ਰਥਮ ਪੁਰਖ ਬਿਰਤਾਂਤ ਵਿਧੀ ਨਾਲ ਪੇਸ਼ ਕੀਤਾ ਸਜੀਵ ਵਰਨਣ ਹੈ। ਇਸਨੂੰ ਬੇਦੀ ਨੇ ਆਤਮ ਕਥਾ ਵਜੋਂ ਨਹੀਂ ਲਿਖਿਆ। ਪਰ ਪ੍ਰਥਮ ਪੁਰਖ ਬਿਰਤਾਂਤ ਵਿਧੀ ਕਰਕੇ ਅਤੇ ਦਿਲਚਸਪ ਨਿਜੀ ਛੋਹਾਂ ਕਰਕੇ ਬਹੁਤੇ ਵਿਦਵਾਨਾਂ ਨੇ ਇਹਨਾਂ ਦੋਹਾਂ ਪੁਸਤਕਾਂ ਨੂੰ ਸਵੈਜੀਵਨੀਆਂ ਮੰਨਿਆ ਹੈ।

4. **ਉਹਨਾਂ ਦੀਆਂ ਤਿੰਨ ਕਾਵਿ ਪੁਸਤਕਾਂ ਛਪੀਆਂ ਹਨ:**
   1. ਖੁਸ਼ਬੂਆਂ (1944)
   2. ਕੰਵਲ ਪੱਤੀਆਂ (1956)
   3. ਪਾਣੀ ਅੰਦਰ ਲੀਕ (1964)
   4. ਅਨੁਵਾਦ: ਅਸਾਮ ਦੀ ਲੋਕਧਾਰਾ

5. **ਅੰਗਰੇਜ਼ੀ ਪੁਸਤਕਾਂ:**

1. Folklore of the Punjab (1969)
2. Folklore of Inida (1984))

ਇਸ ਤੋਂ ਇਲਾਵਾ ਕੁਝ ਹਿੰਦੀ ਵਿਚ ਛਪੀਆਂ ਪੁਸਤਕਾਂ ਦਾ ਹਵਾਲਾ ਮਿਲਦਾ ਹੈ।

3. **ਲਿਖਤਾਂ ਦਾ ਵਿਸ਼ਲੇਸ਼ਣ**

ਵਣਜਾਰਾ ਬੇਦੀ ਦੀਆਂ ਸਾਰੀਆਂ ਰਚਨਾਵਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡ ਕੇ ਸੰਖੇਪ ਅਧਿਐਨ ਪੇਸ਼ ਹੈ:

**ੳ. ਲੋਕਧਾਰਾ ਖੋਜ ਕਾਰਜ ਦਾ ਮੁੱਲ-ਮਹੱਤਵ**: ਪੰਜਾਬੀ ਲੋਕਧਾਰਾ ਉਪਰ ਹੁਣ ਤਕ ਹੋਈ ਖੋਜ ਅਤੇ ਇਕੱਤਰੀਕਰਨ ਪੱਖੋਂ ਵਣਜਾਰਾ ਬੇਦੀ ਦਾ ਕੋਈ ਸਾਨੀ ਨਹੀਂ। ਮਿਕਦਾਰ ਅਤੇ ਮਿਆਰ ਦੀ ਦ੍ਰਿਸ਼ਟੀ ਤੋਂ ਇਹ ਉਚ ਪਾਏ ਦਾ ਕਾਰਜ ਹੈ। ਮਾਂ ਬੋਲੀ ਪੰਜਾਬੀ ਦੀ ਝੋਲੀ ਨੂੰ ਇਤਨੇ ਵਸੀਹ ਵਿਰਾਸਤੀ ਖ਼ਜ਼ਾਨੇ ਨਾਲ ਭਰਪੂਰ ਕਰਨ ਵਾਲਾ ਇਹ ਸਪੂਤ ਇਕ ਕਰਮਯੋਗੀ ਵਾਂਗ ਇਕੋ ਕਾਰਜ ਨੂੰ ਸਮਰਪਿਤ ਰਿਹਾ। ਮੁੱਖ ਤੌਰ ’ਤੇ ਉਸਨੇ ਮੌਖਿਕ ਸ੍ਰੋਤਾਂ ਤੋਂ ਅਣਛੋਹ ਲੋਕਧਾਰਾ ਲੱਭੀ ਤੇ ਸਾਂਭੀ। ਭਾਵੇਂ ਲਾਇਬ੍ਰੇਰੀਆਂ ਵਿਚੋਂ ਦੁਰਲੱਭ ਖਿੰਡਰੀ ਸਮੱਗਰੀ ਨੂੰ ਵੀ ਉਸਨੇ ਨੀਝ ਤੇ ਰੀਝ ਨਾਲ ਇਕੱਤਰ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ। ਉਸਦੀ ਲੋਕਧਾਰਾ ਅਧਿਐਨ ਅਤੇ ਵਿਸ਼ਲੇਸ਼ਣ ਵਿਧੀ ਆਮ ਬੋਲੀ ਵਿਚ ਹੋਣ ਕਰਕੇ ਹਰੇਕ ਦੇ ਸਮਝ ਆਉਣ ਵਾਲੀ ਹੈ। ਉਂਝ ਇਹ ਸਥੂਲ ਕੀ, ਅਤਿ ਸੂਖਮ ਕੀ, ਹਰੇਕ ਵਰਤਾਰੇ ਦੀਆਂ ਅੰਦਰੂਨੀ ਪਰਤਾਂ ਫਰੋਲਣ, ਇਸਨੂੰ ਤਰਕਸ਼ੀਲ ਵਿਧੀ ਨਾਲ ਵਿਸ਼ਲੇਸ਼ਿਤ ਕਰਨ ਦੀ ਉਚੇਰੀ ਸਮਰੱਥਾ ਦਾ ਸੁਚੱਜਾ ਪ੍ਰਮਾਣ ਦਿੰਦੀ ਹੈ। ਉਸਨੂੰ ਲੋਕਧਾਰਾਈ ਵਰਤਾਰਿਆਂ ਦੀ ਅਨੂਠੀ ਅਨੁਭਵੀ ਅਤੇ ਡੂੰਘੀ ਸਿਧਾਂਤਕ ਸੋਝੀ ਹੈ। ਤੱਥ, ਤਰਕ ਪ੍ਰਮਾਣ ਵਿਸ਼ਲੇਸ਼ਣ, ਵਿਆਖਿਆ ਅਤੇ ਮੁਲਾਂਕਣ ਦੀ ਉਚੇਰੀ ਬੌਧਿਕ ਸੂਝ ਹੈ। ਲੋਕਧਾਰਾ ਦੇ ਕੁਝ ਸੂਖਮ ਸੰਕਲਪਾਂ ਦੀ ਵਿਆਖਿਆ ਦੀਆਂ ਮਿਸਾਲਾਂ ਪੇਸ਼ ਹਨ:

> -ਜਿਸਨੇ ਕਦੇ ਤਾਰਿਆਂ ਨਾਲ ਗੱਲਾਂ ਨਹੀਂ ਕੀਤੀਆਂ, ਉਹ ਬ੍ਰਹਿਮੰਡ ਦੀਆਂ ਰਮਜ਼ਾਂ ਨਹੀਂ ਪਛਾਣ ਸਕਦਾ। ਤਾਰੇ ਮੇਰੇ ਪਹਿਲੇ ਇਲਾਹੀ ਦੋਸਤਾਂ ਵਿਚੋਂ ਸਨ, ਜਿਨ੍ਹਾਂ ਨਾਲ ਮੈਂ ਆਪਣੇ ਦਿਲ ਦੀਆਂ ਗੱਲਾਂ ਕੀਤੀਆਂ, ਅਤੇ ਜਿਨ੍ਹਾਂ ਸਾਹਮਣੇ ਨਿਝੱਕ ਹੋ ਕੇ ਆਪਣੇ ਸੁਪਨੇ, ਸਧਰਾਂ ਤੇ ਚਾਅ ਰੱਖੇ। (ਮੇਰਾ ਨਾਨਕਾ ਪਿੰਡ, ਪੰ. 135)
>
> -ਤੇ ਸਭਿਆਚਾਰ ਸ਼ੁਰੂ ਹੀ ਇਥੋਂ ਹੋਇਆ, ਜਦੋਂ ਪਹਿਲੀ ਵਾਰ ਪ੍ਰਾਕ੍ਰਿਤੀ ਨੂੰ ਮਨੁੱਖ ਨੇ ਦਿਲ ਦੀ ਗੱਲ ਆਖੀ ਜਾਂ ਜਦੋਂ ਪ੍ਰਾਕ੍ਰਿਤੀ ਨੂੰ ਮਨੁੱਖ ਨੇ ਆਪਣੇ ਦਿਲੀ ਭਾਵਨਾ ਅਨੁਰੂਪ ਰੂਪ ਦਿਤਾ। (ਮੇਰਾ ਦਾਦਕਾ ਪਿੰਡ, ਪੰ. 53)
>
> -ਕਾਵਿ ਇਕ ਸ਼ਬਦ ਸੰਗੀਤ ਤੋਂ ਉਪਜੀ ਲੈਅ ਸੀ, ਜਿਸ ਦੁਆਰਾ ਆਦਿਮ ਮਨ ਬ੍ਰਹਿਮੰਡ ਦੀ ਵਿਰਾਟ ਲੈਅ, ਵਸਤੂ ਸ਼ਕਤੀ ਅਤੇ ਪ੍ਰਾਕ੍ਰਿਤਕ ਹੋਂਦ ਨਾਲ ਇਕਸੁਰ ਹੋ ਕੇ ਉਸ ਵਿਚਲੀ ਆਤਮਿਕਤਾ ਨੂੰ ਆਪਣੀ ਇਛਾ ਅਨੁਕੂਲ ਕੁਝ ਕਰਨ ਲਈ ਪ੍ਰੇਰਦਾ। ਇਸ ਤਰ੍ਹਾਂ ਕਾਵਿ ਇਕ ਪੂਰਕ ਹੈ, ਪੂਰਤੀ ਨਹੀਂ। (ਲੋਕ ਪਰੰਪਰਾ ਅਤੇ ਸਾਹਿਤ, ਪੰ. 115)

ਵੱਖ-ਵੱਖ ਸ੍ਰੋਤਾਂ ਤੋਂ ਸਮੱਗਰੀ ਇਕੱਤਰ ਕਰਕੇ, ਇਸਨੂੰ ਸੁਨਿਸਚਿਤ ਵਿਧੀ ਨਾਲ ਵਰਗੀਕ੍ਰਿਤ ਕਰਨਾ ਵੀ ਵਣਜਾਰਾ ਬੇਦੀ ਦੇ ਲੋਕਧਾਰਾਈ ਅਧਿਐਨ ਦਾ ਅਹਿਮ ਕਾਰਜ ਹੈ। ਇਸ ਪੱਖੋਂ ਉਸਦਾ ਮੁਖ ਰੁਝਾਨ ਅਤੇ ਕਾਰਜ ਖੇਤਰ ਪੰਜਾਬੀ ਲੋਕ ਕਥਾਵਾਂ ਰਹੀਆਂ ਹਨ। ਲੋਕਧਾਰਾ ਅਧਿਐਨ ਉਤੇ ਉਸਦੀ ਪਹਿਲੀ ਪੁਸਤਕ 1955 ਵਿਚ **ਪੰਜਾਬ ਦੀਆਂ ਜਨੌਰ ਕਹਾਣੀਆਂ** ਛਪੀ। ਇਸ ਵਿਚ ਉਸਨੇ ਕਬੂਤਰ, ਤਿੱਤਰ, ਗਿੱਦੜ, ਲੂੰਬੜ ਤੋਂ ਲੈ ਕੇ ਬਿੱਲੇ ਤੇ ਜੂੰ ਦੀਆਂ ਰੋਚਕ ਕਥਾਵਾਂ ਛਾਪੀਆਂ। ਜਨੌਰ ਸ਼ਬਦ ਆਪਣੇ ਆਪ ਵਿਚ ਸਾਡੀ ਲੋਕਧਾਰਾ ਦੇ ਗਹਿਰੇ ਭਾਵ ਬੋਧ ਤੀਕ ਬੇਦੀ ਦੀ ਰਸਾਈ ਦਾ ਸੂਚਕ ਹੈ। **ਇਕ ਘੁੱਟ ਰਸ ਦਾ** ਪੁਸਤਕ ਵਿਚ 130 ਨਿੱਕੀਆਂ ਕਥਾਵਾਂ ਹਨ। **ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ** ਵਿਚ ਉਸਨੇ ਪੰਜਾਬੀ ਲੋਕ ਕਥਾਵਾਂ ਦੀਆਂ 22 ਵੰਨਗੀਆਂ ਦਾ ਨਿਖੇੜਾ ਤੇ ਪਾਠ ਪੇਸ਼ ਕੀਤਾ ਹੈ। ਉਸਨੇ ਬਹੁਤ ਸਪੱਸ਼ਟ ਸ਼ਬਦਾਂ ਵਿਚ ਹਰੇਕ ਵੰਨਗੀ ਦਾ ਸਾਪੇਖਕ ਭਾਵਗਤ-

ਸੰਦੇਸ਼ਗਤ ਅਤੇ ਸੰਰਚਨਾਤਮਕ-ਵਿਧਾਗਤ ਅਧਿਐਨ ਕਰਕੇ, ਤਾਰਕਿਕ ਦ੍ਰਿਸ਼ਟੀ ਨਾਲ ਨਿਖੇੜਾ ਕਰਕੇ ਲੋਕਧਾਰਾ ਸ਼ਾਸਤਰੀ ਵਾਲੀ ਉਚੇਰੀ ਸਮਰੱਥਾ ਦਾ ਪ੍ਰਮਾਣ ਦਿਤਾ ਹੈ। ਪੰਜਾਬੀ ਲੋਕ ਕਥਾਵਾਂ ਬਾਰੇ ਉਸਦੀਆਂ ਹੋਰ ਪੁਸਤਕਾਂ ਹਨ, **ਬਾਤਾਂ ਮੁੱਢ ਕਦੀਮ ਦੀਆਂ**, **ਲੋਕ ਬੀਰ ਰਾਜਾ ਰਸਾਲੂ**, **ਲੋਕ ਕਹਾਣੀ ਪੰਜਾਬ**, **ਬਾਤਾਂ ਲੋਕ ਪੰਜਾਬ ਦੀਆਂ**, **ਮੁਹੱਬਤ ਦੇ ਅੰਗ-ਸੰਗ** (ਇਸ ਵਿਚ ਪੰਜਾਬ ਦੀਆਂ ਪ੍ਰੀਤ ਕਥਾਵਾਂ ਬਿਆਨ ਕੀਤੀਆਂ ਹਨ)। ਉਸਨੇ ਪੰਜਾਬੀਆਂ ਦੀ ਬਾਤਾਂ ਪਾਉਣ, ਕਥਾਵਾਂ ਬਣਾਉਣ, ਗੱਲੇ-ਗੱਲੇ ਕਹਾਣੀਆਂ ਘੜਨ ਸੁਣਾਉਣ, ਗੱਪਾਂ ਜੋੜਨ ਦੀ ਪ੍ਰਬਲ ਚੇਟਕ ਨੂੰ ਬਾਖ਼ੂਬੀ ਪਛਾਣਿਆ ਹੈ।

ਲੋਕਧਾਰਾ ਦੇ ਅਧਿਐਨ ਦੇ ਨਾਲ ਉਸਨੇ ਪੰਜਾਬੀ ਲੋਕਧਾਰਾ ਨੂੰ ਸਾਂਭਣ ਦਾ ਵੱਡਾ ਇਤਿਹਾਸਕ ਕਾਰਜ ਕੀਤਾ। ਇਸ ਪੱਖੋਂ ਉਸਦੀਆਂ ਦੋ ਪ੍ਰਕਾਰ ਦੀਆਂ ਪੁਸਤਕਾਂ ਜ਼ਿਕਰਯੋਗ ਹਨ: ਪਹਿਲੀਆਂ ਉਹ, ਜਿਨ੍ਹਾਂ ਵਿਚ ਉਸਨੇ ਪੰਜਾਬੀ ਲੋਕਧਾਰਾ ਦੀ ਸਮੁੱਚੀ ਪਰੰਪਰਾ ਤੇ ਇਸਦੇ ਸਾਰੇ ਅਹਿਮ ਖੇਤਰਾਂ ਦੀ ਭਰਵੀਂ ਜਾਣਕਾਰੀ ਦਿਤੀ, ਜਿਵੇਂ **ਪੰਜਾਬ ਦੀ ਲੋਕਧਾਰਾ**, **ਵਿਰਸੇ ਦੀ ਫੁਲਕਾਰੀ**, **ਲੋਕ ਧਰਮ** ਆਦਿ। ਇਹ ਪੁਸਤਕਾਂ ਪੰਜਾਬੀ ਲੋਕਧਾਰਾ ਦੇ ਅਮੀਰ ਵਿਰਸੇ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਦੂਸਰੀ ਉਹ ਜਿਨ੍ਹਾਂ ਪੁਸਤਕਾਂ ਵਿਚ ਉਸਨੇ ਸਜੀਵ ਲੋਕ ਜੀਵਨ ਨੂੰ ਇਸਦੇ ਧੜਕਦੇ ਮਚਲਦੇ ਭਿੜਦੇ ਰੂਪਾਂ ਰੰਗਾਂ ਵਿਚ ਪਕੜਿਆ ਅਤੇ ਪੇਸ਼ ਕੀਤਾ, ਜਿਵੇਂ **ਮੇਰਾ ਨਾਨਕਾ ਪਿੰਡ**, **ਮੇਰਾ ਦਾਦਕਾ ਪਿੰਡ**। ਇਹ ਰੰਗ ਉਸਦੀਆਂ ਤਿੰਨੇ ਸਵੈਜੀਵਨੀਆਂ ਵਿਚ ਵੀ ਕਮਾਲ ਦਾ ਹੈ।

ਉਹਨਾਂ ਦੇ ਲੋਕਧਾਰਾ ਅਧਿਐਨ ਦਾ ਇਕ ਅਹਿਮ ਪਾਸਾਰ ਲੋਕਧਾਰਾ ਅਤੇ ਸਾਹਿਤ ਦੇ ਡੂੰਘੇ ਅੰਤਰ-ਸਬੰਧਾਂ ਦੀ ਪੁਣਛਾਣ ਕਰਕੇ, ਲੋਕਧਾਰਾ ਤੇ ਇਸਦੇ ਅਹਿਮ ਖੇਤਰ ਲੋਕ ਸਾਹਿਤ ਦੀ ਵਸ਼ਿਸ਼ਟ ਸਾਹਿਤ ਦੇ ਮੂਲ ਪ੍ਰੇਰਕ ਤੇ ਆਧਾਰੀ ਸ੍ਰੋਤ ਵਜੋਂ ਚਰਚਾ ਕੀਤੀ ਹੈ। ਅਜੋਕੇ ਸਮਿਆਂ ਵਿਚ ਇਹ ਚੇਤਨਾ ਸੰਵੇਦਨਾ ਨਿਹਾਇਤ ਜ਼ਰੂਰੀ ਹੈ। ਜਦੋਂ ਅਸੀਂ ਅੰਨ੍ਹੀ ਪੱਛਮੀ ਪਿੱਛਲੱਗ ਰੁਚੀ ਦਾ ਸ਼ਿਕਾਰ ਹੋ ਰਹੇ ਹਾਂ। ਇਸ ਪ੍ਰਸੰਗ ਵਿਚ ਉਸਦੀਆਂ **ਲੋਕਧਾਰਾ ਤੇ ਸਾਹਿਤ**, **ਲੋਕ ਪਰੰਪਰਾ ਅਤੇ ਸਾਹਿਤ**, **ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ** (ਉਸਨੇ ਇਸ ਪੁਸਤਕ ਵਿਚ ਸੱਸੀ ਪੁੰਨੂੰ ਦੀ ਕਥਾ ਦੇ ਹਵਾਲੇ ਨਾਲ 12 ਕਥਾਨਕ ਰੂੜ੍ਹੀਆਂ ਨਿਖੇੜੀਆਂ, ਜੋ ਸਾਡੀ ਕਥਾ ਪਰੰਪਰਾ ਦੀਆਂ ਸਰਵ ਪ੍ਰਵਾਨਿਤ ਕਥਾ ਰੂੜ੍ਹੀਆਂ ਹਨ) ਪੁਸਤਕਾਂ ਹਨ।

ਇਸ ਪ੍ਰਸੰਗ ਵਿਚ ਉਸਦਾ ਬਹੁਤ ਮਹੱਤਵਪੂਰਨ ਕਾਰਜ ਇਹਨਾਂ ਦੋ ਪੁਸਤਕਾਂ ਵਿਚ ਪ੍ਰਾਪਤ ਹੈ: **ਗੁਰੂ ਨਾਨਕ ਅਤੇ ਲੋਕ ਪ੍ਰਵਾਹ**, **ਗੁਰੂ ਅਰਜਨ ਦੇਵ ਦੀ ਬਾਣੀ ਵਿਚ ਲੋਕ ਤੱਤ**। ਇਹਨਾਂ ਰਾਹੀਂ ਉਸਨੇ ਲੋਕਧਾਰਾ ਦੇ ਵਿਸ਼ਾਲ ਸਿਰਜਣਾਤਮਕ ਸ੍ਰੋਤਾਂ ਦੀ ਅਮੀਰੀ ਤੇ ਇਸਦੀ ਆਧਾਰੀ ਭੂਮਿਕਾ ਨੂੰ ਉਜਾਗਰ ਕੀਤਾ।

ਇਹ ਪੁਸਤਕਾਂ ਭਲੀਭਾਂਤ ਇਹ ਦਰਸਾਉਂਦੀਆਂ ਹਨ ਕਿ ਵਣਜਾਰਾ ਬੇਦੀ ਦਾ ਲੋਕਧਾਰਾਈ ਅਨੁਭਵ ਤੇ ਗਿਆਨ ਕਿੰਨਾ ਵਿਸ਼ਾਲ ਸੀ। ਭੈੜੀਆਂ ਹਾਲਤਾਂ 'ਚ ਜਿਉ ਕੇ ਉਸਨੇ ਆਪਣੇ ਜਨੂੰਨ ਨੂੰ ਕਿਸ ਹੱਦ ਤੀਕ ਪਾਲਿਆ, ਨਿਭਾਇਆ। ਉਸਦੀ ਪ੍ਰਤਿਬੱਧਤਾ, ਹੱਠ, ਮਿਹਨਤ ਬੇਮਿਸਾਲ ਹੈ। ਉਸਨੇ ਆਪਣਾ ਸਮੁੱਚਾ ਜੀਵਨ ਪੰਜਾਬੀ ਲੋਕਧਾਰਾ ਦੇ ਲੇਖੇ ਲਾਇਆ ਹੈ। ਵਣਜਾਰਾ ਬੇਦੀ ਨੇ ਇਹ ਸਾਬਤ ਕਰ ਵਿਖਾਇਆ ਹੈ ਕਿ ਵੱਡੇ ਕੰਮ ਸਿਰਫ਼ ਪੈਸਿਆਂ ਨਾਲ ਹੀ ਨਹੀਂ ਹੁੰਦੇ, ਇਹ ਅਨਿਨ ਨਿਸ਼ਠਾ ਦੇ ਬਲਬੂਤੇ ਹੁੰਦੇ ਹਨ। ਇਸ ਦੀ ਮਨਾਂ ਨੂੰ ਟੁੰਬਦੀ ਪਿਘਲਾਉਂਦੀ ਤਸਵੀਰ ਉਸਦੀਆਂ ਤਿੰਨ ਸਵੈਜੀਵਨੀਆਂ ਵਿਚੋਂ ਬਾਖ਼ੂਬੀ ਉਭਰਦੀ ਹੈ। ਇਹ ਹਨ: **ਅੱਧੀ ਮਿੱਟੀ ਅੱਧਾ ਸੋਨਾ**, **ਗਲੀਏ ਚਿੱਕੜ ਦੂਰਿ ਘਰੁ**, **ਮੇਰੇ ਰਾਹਾਂ ਦੇ ਰੰਗ**।

ਇਹਨਾਂ ਪੁਸਤਕਾਂ ਵਿਚ ਪੇਸ਼ ਜਾਣਕਾਰੀਆਂ, ਸਿਧਾਂਤ ਚਿੰਤਨ, ਇਤਿਹਾਸਕ ਮਿਥਿਹਾਸਕ ਗਿਆਨ, ਜਨ ਜੀਵਨ ਦੀ ਵਿਸ਼ਾਲ ਸਮੱਗਰੀ ਕਿਸੇ ਵਕਾਲਤ ਦੀ ਮੁਹਤਾਜ ਨਹੀਂ। ਇਹ ਹਮੇਸ਼ਾ ਪੰਜਾਬੀ ਸਭਿਆਚਾਰ, ਲੋਕਧਾਰਾ, ਸਾਹਿਤ ਦਾ ਆਧਾਰੀ ਸ੍ਰੋਤ ਬਣਿਆ ਰਹੇਗਾ।

## 3. ਵਣਜਾਰਾ ਬੇਦੀ ਦੀਆਂ ਸੰਚਾਰ ਵਿਧੀਆਂ

ਸੰਚਾਰ ਵਿਧੀਆਂ ਦੀ ਦ੍ਰਿਸ਼ਟੀ ਤੋਂ ਵਣਜਾਰਾ ਬੇਦੀ ਦੀਆਂ ਸਾਰੀਆਂ ਲਿਖਤਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

**ੳ. ਲੋਕਧਾਰਾ ਅਧਿਐਨ ਲਈ ਵਿਸ਼ਲੇਸ਼ਣੀ ਅਤੇ ਵਿਆਖਿਆ ਵਿਧੀ**: ਵਣਜਾਰਾ ਬੇਦੀ ਨੇ ਵਿਸ਼ਲੇਸ਼ਣੀ ਅਤੇ ਵਿਆਖਿਆ ਵਿਧੀ ਲੋਕਧਾਰਾ ਅਧਿਐਨ ਲਈ ਵਿਸ਼ੇਸ਼ ਤੌਰ ਉਤੇ ਵਰਤੀ ਹੈ। ਇਸਦਾ ਮੰਤਵ ਲੋਕਧਾਰਾ ਨੂੰ ਠੀਕ, ਢੁਕਵੇਂ ਤੇ ਨਿਸ਼ਚਿਤ ਅਰਥਾਂ ਵਿਚ ਸਮਝਣਾ ਸਮਝਾਉਣਾ ਹੈ। ਉਹ ਹਰੇਕ ਖ਼ਾਸ ਸ਼ਬਦ ਦਾ ਸੰਕਲਪਗਤ


**www.sanvad.org**
ISSN : 2395-1273

ਨਿਖੇੜਾ ਕਰਨ ਲਈ ਇਸਦੀ ਵਿਉਤਪਤੀ, ਪ੍ਰਕਿਰਤੀ, ਸੰਰਚਨਾ ਅਤੇ ਪ੍ਰਗਟਾ ਸ਼ੈਲੀ ਨੂੰ ਪ੍ਰਾਪਤ ਪਾਠਾਂ ਦੇ ਆਧਾਰ 'ਤੇ ਪ੍ਰਸੰਗ ਵਿਚ ਤਰਕਸ਼ੀਲ ਢੰਗ ਨਾਲ ਵਿਚਾਰਦਾ ਤੇ ਸਥਾਪਨਾਵਾਂ ਉਸਾਰਦਾ ਹੈ। ਇਥੇ ਉਸਦੀ ਲੋਕਧਾਰਾ ਬਾਰੇ ਸਨੇਹਮਈ ਤੋਂ ਵਧੇਰੇ ਤਾਰਕਿਕ ਵਿਸ਼ਲੇਸ਼ਣੀ ਦ੍ਰਿਸ਼ਟੀ ਕਾਰਜਸ਼ੀਲ ਹੁੰਦੀ ਹੈ। ਇਸੇ ਵਿਧੀ ਨਾਲ ਉਹ ਲੋਕਧਾਰਾ ਵਿਚੋਂ ਉਭਰਦੀਆਂ ਕਦੀਮੀ, ਉਜਵਲ, ਉਦਾਤ ਰਮਜ਼ਾਂ, ਹਕੀਕਤਾਂ, ਕਾਮਨਾਵਾਂ ਅਤੇ ਨਾਲ ਹੀ ਲੋਕ ਜੀਵਨ ਦੀਆਂ ਗੜਬੜਾਂ, ਕਮਜ਼ੋਰੀਆਂ, ਵਿਡੰਬਨਾਵਾਂ, ਮੂਰਖਤਾਵਾਂ ਦੀ ਵੀ ਭਰਪੂਰ ਨਿਸ਼ਾਨਦੇਹੀ ਕਰਦਾ ਹੈ। ਉਹ ਇਹਨਾਂ ਅਧਿਐਨਾਂ ਲਈ ਵਧੇਰੇ ਕਰਕੇ ਕੇਂਦਰੀ ਪੰਜਾਬੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਸਦੀ ਵਰਤੀ ਭਾਸ਼ਾ ਆਮ ਪੰਜਾਬੀ ਦੇ ਸਮਝ ਆਉਣ ਵਾਲੀ ਹੈ। ਇਸ ਵਿਚ ਰਵਾਨੀ ਹੈ ਤੇ ਅਰਥਾਂ ਦਾ ਸਾਫ਼ ਨਿਖੇੜਾ ਵੀ। ਇਸ ਨਾਲ ਸਹਿਮਤ ਜਾਂ ਅਸਹਿਮਤ ਹੋਣ ਦੀ ਸੰਭਾਵਨਾ ਜ਼ਰੂਰ ਹੋ ਸਕਦੀ ਹੈ, ਪਰ ਉਹ ਜੋ ਕਹਿਣਾ ਚਾਹੁੰਦਾ ਹੈ, ਸਾਫ਼ ਹੋ ਜਾਂਦਾ ਹੈ।

**ਅ. ਵਣਜਾਰਾ ਬੇਦੀ ਦੀ ਲੋਕਧਾਰਾ ਤੀਕ ਡੂੰਘੀ ਰਸਾਈ**, ਨਿਖਰੀ ਮਾਨਵੀ ਸੰਵੇਦਨਾ ਅਤੇ ਕਾਵਿਕ ਮਨ ਦਾ ਇਕ ਪ੍ਰਭਾਵੀ ਪ੍ਰਤਿਨਿਧ ਰੂਪ ਉਹਨਾਂ ਲਿਖਤਾਂ ਵਿਚੋਂ ਮਿਲਦਾ ਹੈ, ਜਿਥੇ ਉਹ ਲੋਕਧਾਰਾ ਨੂੰ ਪੰਜਾਬੀ ਰਹਿਤਲ ਦੇ ਸਜੀਵ, ਵਚਿਤਰ ਤੇ ਦਰਿਆ ਵਾਂਗ ਵਗਦੇ ਵਿਖਾਉਂਦਾ ਹੈ। ਇਹ ਰਚਨਾਵਾਂ ਗਿਆਨੀ ਗੁਰਦਿੱਤ ਸਿੰਘ ਦੀ **ਮੇਰਾ ਪਿੰਡ**, ਸੂਬਾ ਸਿੰਘ ਦੀ **ਅਲੋਪ ਹੋ ਰਹੇ ਚੇਟਕ** ਵੰਨਗੀ ਦੀਆਂ ਹਨ। 'ਮੇਰਾ ਨਾਨਕਾ ਪਿੰਡ', 'ਮੇਰਾ ਦਾਦਕਾ ਪਿੰਡ', 'ਇਕ ਘੁੱਟ ਰਸ ਦਾ', 'ਬਾਤਾਂ ਲੋਕ ਵਿਰਸੇ ਦੀਆਂ' ਵਿਚ ਉਸਨੇ ਪੰਜਾਬੀ ਜੀਵਨ ਧਾਰਾ ਨੂੰ ਠੇਠ ਲਹਿਜ਼ੇ, ਲੋਕ ਮੁਹਾਵਰੇ ਅਤੇ ਪੋਠੋਹਾਰੀ ਬੋਲੀ ਦੇ ਮਹਿਕਦੇ ਰੰਗਾਂ ਸਮੇਤ ਹੂਬਹੂ ਪਕੜਿਆ ਹੈ। ਇਸਦੀ ਵੱਥ ਨੂੰ ਕਾਵਿਕ ਉਪਮਾਵਾਂ ਰੂਪਕਾਂ ਬਿੰਬਾਂ ਰਾਹੀਂ ਭਰਪੂਰ ਨਾਟਕੀ ਸਥਿਤੀ ਰਾਹੀਂ ਸਿਰਜ ਕੇ ਖ਼ੂਬਸੂਰਤ ਜ਼ਬਾਨ ਵਿਚ ਢਾਲਿਆ ਹੈ। ਇਹਨਾਂ ਲਿਖਤਾਂ ਦੀ ਭਾਸ਼ਾ ਠੇਠ, ਠੁੱਕਦਾਰ ਤੇ ਪੋਠੋਹਾਰੀ ਪੁੱਠ ਵਾਲੀ ਹੈ। ਉਹ ਸਵੱਸਥ ਅਤੇ ਬਿਮਾਰ ਅਲਾਮਤਾਂ ਨੂੰ ਇਸਦੇ ਜੀਵੰਤ ਸੰਦਰਭਾਂ ਵਿਚੋਂ ਗ੍ਰਹਿਣ ਕਰਦਾ ਹੈ। ਇਹ ਉਸਦੀ ਲੋਕਧਾਰਾਈ ਸੰਵੇਦਨਾ ਤੇ ਉਚ ਸਾਹਿਤਕ ਸੰਚਾਰ ਸਮਰੱਥਾ ਦਾ ਸਬੱਲ ਪ੍ਰਮਾਣ ਹਨ:

> -ਮੇਰਾ ਨਾਨਕਾ ਪਿੰਡ ਵਿਚ ਇਕ ਪ੍ਰਸੰਗ ਭੱਠੀ ਬਾਰੇ ਹੈ, ਉਹ ਲਿਖਦੇ ਹਨ: ਉਹ (ਭਠਿਆਰਨ) ਜਾਣਦੀ ਏ ਕਿ ਕਿਹੜੀ ਕੁੜੀ ਦੇ ਦਿਲ ਦੀ ਭੱਠੀ ਤਪੀ ਹੋਈ ਏ ਤੇ ਕਿਸ ਦੀ ਬੁਝ ਕੇ ਠੰਢੀ ਹੋ ਗਈ ਹੈ। (ਪੰ.145)
>
> -ਉਪਰਲੀ ਪੁਸਤਕ ਦੇ ਇਕ ਪ੍ਰਸੰਗ ਵਿਚ ਉਹ ਲੋਕ ਸੱਚ ਦੀ ਪ੍ਰਚਲਿਤ ਪ੍ਰਵਾਣਿਤ ਧਾਰਨਾ ਨੂੰ ਵਿਅੰਗ ਵਿਧੀ ਨਾਲ ਨਸ਼ਰ ਕਰ ਜਾਂਦਾ ਹੈ। ਪਿੰਡ ਦੀ ਇਕ ਲੂਤੀਆਂ ਲਾਊ ਤੀਵੀਂ ਬਸੰਤੀ ਈਰਖਾ ਵੱਸ ਆਪਣੀ ਗਵਾਂਢਣ ਮੁਟਿਆਰ ਨਾਮੋ ਦੇ ਚਰਿੱਤਰ ਬਾਰੇ ਅਜਿਹੀ ਲੂਤੀ ਲਾਉਂਦੀ ਹੈ ਕਿ ਸਾਰਾ ਪਿੰਡ ਇਸ ਮਨਘੜੰਤ ਛੁਤਰੀ ਕਰਕੇ ਨਾਮੋ ਦੀ ਥੂਹ-ਥੂਹ ਕਰਦਾ ਹੈ। ਲੇਖਕ ਦਾ ਕਥਨ ਹੈ: ਨਾਮੋ ਦੇ ਸੱਚ ਨੂੰ ਕੌਣ ਪੁੱਛਦਾ? ਪਿੰਡ ਦਾ ਸੱਚ ਹੀ ਤਾਂ ਲੋਕਾਂ ਦਾ ਸੱਚ ਹੈ। ਜੋ ਗੱਲ ਲੋਕਾਂ ਵਿਚ ਫੈਲ ਗਈ, ਭਾਵੇਂ ਉਹ ਸੱਚੀ ਹੋਵੇ, ਚਾਹੇ ਝੂਠੀ, ਹੁਣ ਉਹ ਸਭਨਾਂ ਦਾ ਸੱਚ ਹੈ। (ਪੰ.144)
>
> -ਇਸੇ ਪੁਸਤਕ ਦਾ ਇਕ ਚੈਪਟਰ ਹੈ, 'ਅਗਲਾ ਜਹਾਨ', ਇਕ ਲੱਭੋ ਨਾਂ ਦੀ ਤੀਵੀਂ ਆਪਣੇ ਨਾਲ 19 ਸਾਲ ਦੀ ਉਮਰੇ ਹੋਈ ਮਰਨ ਦੀ ਘਟਨਾ ਨੂੰ ਪੂਰੇ ਮਿਰਚ ਮਸਾਲੇ ਪਾ ਪਾ ਸੁਣਾਉਂਦੀ ਹੈ। ਕਿਵੇਂ ਜਮਦੂਤ ਲੈ ਕੇ ਗਏ! ਕੈਸਾ ਸਫ਼ਰ ਸੀ! ਕੈਸਾ ਨਰਕ, ਕਿੰਨਾ ਸੋਹਣਾ ਸਵਰਗ। ਕਿਵੇਂ ਧਰਮਰਾਜ ਦੇ ਵੇਰਵਿਆਂ ਤੋਂ ਪਤਾ ਚਲਿਆ, ਉਹ ਬੁੱਢੀ ਲੱਭੋ ਦੀ ਥਾਂ ਮੈਨੂੰ ਲੈ ਗਏ, ਫਟਾਫਟ ਵਾਪਸ ਭੇਜਿਆ, ਕਿਤੇ ਪੁਜਣੋਂ ਪਹਿਲਾਂ ਸਸਕਾਰ ਨਾ ਹੋ ਜਾਵੇ। ਹੋਰ ਜ਼ਨਾਨੀਆਂ ਸਵਾਲ ਕਰਦੀਆਂ ਹਨ:
>
> ਮੁਸਲਮਾਨ ਗੁਲਾਬੋ ਪੁੱਛਦੀ, 'ਕਿਸ ਬੋਲੀ ਚ ਬੋਲਿਆ ਸੀ ਧਰਮਰਾਜ, ਤੂੰ ਸਾਡੇ ਹਜ਼ਰਤ ਸਾਹਿਬ ਵੀ ਉਥੇ ਕਿਧਰੇ ਡਿਠੇ ਅਹੇ?'
>
> ਤਲਖ਼ ਹੁੰਦੀ ਲਾਭੋ ਜਵਾਬ ਦਿੰਦੀ, 'ਮੈਂ ਕੀ ਜਾਣਾ ਤਹਿੰਡਾ ਹਜ਼ਰਤ ਕੌਣ ਏ?'
>
> ਨਿੱਤ ਗੁਰਦਵਾਰੇ ਜਾਣ ਵਾਲੀ ਲਾਜੋ ਪੁੱਛਦੀ ਹੈ, 'ਨੀ ਤਾਈਂ! ਤੂੰ ਬਾਬੇ ਨਾਨਕ ਨੂੰ ਤਾਂ ਉਥੇ ਵੇਖਿਆ ਹੋਣੈ?... ਕੀ ਬਾਲਾ ਮਰਦਾਨਾ ਵੀ ਨਾਲ ਅਹੇ।'
>
> ਵਣਜਾਰਾ ਬੇਦੀ ਇਸ ਪ੍ਰਸੰਗ ਨੂੰ ਸਮੇਟਦੇ ਲਿਖਦੇ ਹਨ: ਲੱਭੋ ਦੀ ਪਰਲੋਕ ਯਾਤਰਾ ਇਕ ਪਖੰਡ ਬਣ ਗਈ ਸੀ। ਮਖੌਲ ਉਡਾਣ ਲਗ ਪਏ ਸਨ। (ਪੰ. 41)

> -ਫੁੱਲ ਤਾਂ ਸੂਰਜ ਵਾਂਗ ਸਵੱਛ ਏ, ਇਹਦੀ ਛੂਹ ਹਿਰਦੇ ਨੂੰ ਸਦਾ ਪਵਿਤ੍ਰਤਾ ਬਖ਼ਸ਼ਦੀ ਏ। ਝੂਠ ਦਾ ਸੇਕ ਤਾਂ ਅੱਗ ਨਾਲੋਂ ਵੀ ਜ਼ਿਆਦਾ ਸਾੜਵਾਂ ਹੁੰਦੈ। ਫੁੱਲ ਕਿਵੇਂ ਝੂਠ ਬੋਲ ਸਕਦੈ। (ਮੇਰਾ ਨਾਨਕਾ ਪਿੰਡ, ਪੰ. 96)
>
> -ਢਾਕ ਦੇ ਫੁੱਲਾਂ ਵਿਚ ਮਹਿਕ ਨਹੀਂ ਹੁੰਦੀ। ਉਹ ਉਸ ਮੁਟਿਆਰ ਵਾਂਗ ਨੇ, ਜਿਸ ਕੋਲ ਰੂਪ ਤਾਂ ਰਜਵਾਂ ਹੋਵੇ, ਪਰ ਪਲੇ ਗੁਣ ਕੋਈ ਨਾ ਹੋਵੇ। (ਮੇਰਾ ਨਾਨਕਾ ਪਿੰਡ, ਪੰ. 98)

ਵਣਜਾਰਾ ਬੇਦੀ ਦੀ ਅਧਿਐਨ ਦ੍ਰਿਸ਼ਟੀ ਉਦਾਰ ਲੋਕ ਹਿਤੈਸ਼ੀ ਹੈ। ਲੋਕ ਕਲਿਆਣਕਾਰੀ ਹੈ। ਭਾਵਨਾਤਮਕ ਤੇ ਤਰਕਸ਼ੀਲ ਦਾ ਖ਼ੂਬਸੂਰਤ ਸੁਮੇਲ ਹੈ। ਸੱਚੀ ਤੇ ਸਨੇਹਭਾਵੀ ਹੈ। ਉਸਨੂੰ ਫਜ਼ੂਲ ਰਵਾਇਤਾਂ, ਰਸਮਾਂ, ਰੀਤਾਂ, ਅੰਧ-ਵਿਸ਼ਵਾਸਾਂ ਨੂੰ ਨਸ਼ਰ ਕਰਕੇ ਰੱਦਣ ਦਾ ਕਮਾਲ ਦਾ ਤਰੀਕਾ ਆਉਂਦਾ ਹੈ। ਉਹ ਉਪਹਾਸ, ਕਟਾਖਸ਼, ਤਨਜ਼, ਮਸ਼ਕਰੀ ਆਦਿ ਪ੍ਰਭਾਵੀ ਕਾਰਗਰ ਜੁਗਤਾਂ ਨਾਲ ਇਹ ਕੰਮ ਨਿਪੁੰਨਤਾ ਨਾਲ ਸਹਿਜ ਭਾਅ ਕਰਦਾ ਜਾਂਦਾ ਹੈ। ਉਹ ਬੜਬੋਲਾ ਲੇਖਕ ਨਹੀਂ। ਇਹ ਉਸਦੀ ਪੰਜਾਬ ਦੀ ਜੀਉਂਦੀ ਜਾਗਦੀ, ਹੱਸਦੀ ਲੜਦੀ ਨਿਰੰਤਰ ਵਹਿੰਦੀ ਜੀਵਨ ਧਾਰਾ ਦੀ ਅੰਦਰਲੀ ਸੂਝ ਸਦਕਾ ਸੰਭਵ ਹੋਇਆ ਹੈ, ਬੇਮਤਲਬ ਬਾਹਰਲੇ ਖਿੰਡਵੇਂ ਫੁਟਕਲ ਟੋਟਿਆਂ ਦੀ ਵਿਦਵਤਾ ਨਾਲ ਨਹੀਂ।

**ੲ. ਸਾਹਿਤਕ ਲਿਖਤਾਂ** : ਇਸ ਪ੍ਰਕਾਰ ਦੀਆਂ ਲਿਖਤਾਂ ਦੋ ਵਿਧਾਵਾਂ ਵਿਚ ਪ੍ਰਾਪਤ ਹਨ: ਤਿੰਨ ਕਵਿਤਾ ਸੰਗ੍ਰਹਿ, ਤਿੰਨ ਸਵੈਜੀਵਨੀਆਂ, ਦੋ ਸਵੈਜੀਵਨੀ-ਮੂਲਕ। ਇਹ ਉਸਦੀਆਂ ਨਿਜੀ ਜੀਵਨ ਅਨੁਭਵ ਦੀਆਂ ਗੂੜ੍ਹੀਆਂ ਬਾਤਾਂ ਬਹੁਤ ਭਾਵਪੂਰਤ ਸ਼ੈਲੀ ਵਿਚ ਪਾਉਂਦੀਆਂ ਹਨ। ਇਹ ਉਸਦੀ ਸਾਹਿਤਕ ਸੰਸਾਰ ਸਮਰੱਥਾ ਦੇ ਉਚੇਰੇ ਪ੍ਰਮਾਣ ਪੇਸ਼ ਕਰਦੀਆਂ ਹਨ। ਉਹ ਰਚਨਾ ਦੀ ਅੰਦਰਲੀ ਰਵਾਨੀ ਤੇ ਸਰੋਦੀ ਲੈਅ ਦਾ ਕਾਇਲ ਸੀ। ਤਦੇ ਉਸਦੀ ਲਿਖਤ ਪਾਠਕ ਦੀ ਉਂਗਲੀ ਫੜ, ਮੰਤਰਮੁਗਧ ਕਰੀ ਨਾਲ ਤੋਰੀ ਰੱਖਦੀ ਹੈ। ਜਦੋਂ ਰਸਾਲਿਆਂ ਲਈ ਸੰਪਾਦਕੀ ਲਿਖਦਿਆਂ ਕਲਮ ਰੁਕ-ਰੁਕ ਤੁਰਦੀ, ਉਹ ਖਿਝਦਾ। ਤਦੇ ਉਸਨੂੰ ਜਾਪਿਆ, ਪੱਤਰਕਾਰੀ ਉਸਦਾ ਮਨ ਪਸੰਦ ਕੰਮ ਧੰਦਾ ਨਹੀਂ। ਉਸ ਨੇ ਬਦਲ ਲਿਆ। ਉਹ ਵਿਚਾਰਾਂ ਭਾਵਾਂ ਨੂੰ ਸਾਹਿਤਕ ਚਾਸ਼ਨੀ ਵਿਚ ਪਕਾ ਕੇ ਪਾਠਕ ਮੂਹਰੇ ਪਰੋਸਦਾ ਹੈ। ਨਾਟਕੀ ਸ਼ੈਲੀ ਅਪਣਾਉਂਦਾ ਹੈ। ਤਿੱਖੀ ਤੇਜ਼ ਤਰਾਰ ਗੱਲਬਾਤ ਨਾਲ ਸੀਖਦਾ ਹੈ। ਅਛੋਹ ਉਪਮਾਵਾਂ, ਰੂਪਕਾਂ, ਬਿੰਬਾਂ ਨਾਲ ਸ਼ਿੰਗਾਰਦਾ ਹੈ। ਉਸਦੀਆਂ ਇਹ ਪ੍ਰਕਾਰ ਦੀਆਂ ਲਿਖਤਾਂ ਵਿਚ ਧਨੀ ਪੋਠੋਹਾਰੀ ਬੋਲੀ ਆਪਣੇ ਨਖ਼ਰੇ ਨਾਜ਼ ਸਣੇ ਹਾਜ਼ਰ ਹੈ। ਆਪਣੇ ਪੜਨਾਵਾਂ, ਸੰਬੋਧਨ, ਕਿਰਿਆਵਾਂ, ਸਹਾਇਕ ਕਿਰਿਆਵਾਂ ਤੇ ਨਿਆਰੀਆਂ ਧੁਨਾਂ ਸਮੇਤ, ਬੇਦੀ ਦੀ ਜੰਮਣ ਭੋਇੰ ਦੀ ਰਹਿਤਲ ਦੀਆਂ ਮਹਿਕਦੀਆਂ ਛੋਹਾਂ ਫੈਲਾਉਂਦੀ ਹੋਈ:

> -ਪਹਿਲੇ ਸਮਿਆਂ ਵਿਚ ਜਦੋਂ ਮਾਚਿਸ ਵਗੈਰਾ ਦੀ ਕਾਢ ਅਜੇ ਨਹੀਂ ਸੀ ਨਿਕਲੀ। ਘਰੇ ਸਵਾਹ ਵਿਚ ਅੱਗ ਦੱਬਣ ਦਾ ਰਿਵਾਜ ਸੀ। ਇਕ ਬਜ਼ੁਰਗ ਔਰਤ ਆਖਦੀ ਹੈ: 'ਹਿਹ ਅੱਗ ਤਾਂ ਘਰੇ ਨੀ ਰੋਸ਼ਨੀ ਏ, ਕੁਲ ਨੀ ਜੋਤ ਏ। ਜਦੋਂ ਤੀਕ ਜਗਨੀ ਰਹੀ, ਕੁਲ ਕੁਟੰਬ ਫੈਲਨਾ ਤੇ ਘਰ ਭਰਿਆ ਭਕੁੰਨਾ ਰਹਿਸੀ।' (ਮੇਰਾ ਨਾਨਕਾ ਪਿੰਡ, ਪੰ. 122)

## 4. ਵਣਜਾਰਾ ਬੇਦੀ ਹੋਣ ਦਾ ਮਤਲਬ

ਸੰਸਾਰ ਭਰ ਦੇ ਸਭਿਆਚਾਰ ਵਿਗਿਆਨੀ, ਲੋਕਧਾਰਾ ਸ਼ਾਸਤਰੀ ਅਤੇ ਸਿਆਣੇ ਸਾਹਿਤਕਾਰ ਇਕਮਤ ਹਨ ਕਿ ਸਮੁੱਚੀ ਮਾਨਵਤਾ ਨੂੰ ਸਮਝਣ ਸੁਧਾਰਨ ਲਈ ਪਹਿਲੀ ਸ਼ਰਤ ਹਰੇਕ ਵਿਲੱਖਣ ਪਰੰਪਰਾ ਦੀ ਨਿਗਰ, ਸਹੀ ਤੇ ਮੌਲਿਕ ਜੀਵਨ ਸ਼ੈਲੀ, ਜੀਵਨ ਦਰਸ਼ਨ ਦੇ ਪ੍ਰਾਣਵੰਤ ਸੂਝ ਮਾਡਲ ਉਸਾਰਨੇ ਜੋੜਨੇ ਅਤਿ ਜ਼ਰੂਰੀ ਹਨ। ਇਹ ਤੋਂ ਬਿਨਾਂ ਮਨੁੱਖਤਾ ਦਾ ਸਾਂਝਾ ਭਲਾ ਸੰਭਵ ਨਹੀਂ। ਨਾਲ ਹੀ ਇਹਨਾਂ ਮੁੱਲਵਾਨ ਰਵਾਇਤਾਂ ਵਿਚ ਕਾਬਜ਼ ਤਬਕੇ ਦੇ ਨਿੱਜੀ ਸਵਾਰਥਾਂ, ਹਿੱਤਾਂ ਦੀ ਪੂਰਤੀ ਲਈ ਪਾਏ ਕਾਫ਼ੀ ਸਾਰੇ ਰਲ਼ੇ, ਚੁਸਤ ਜੁਗਤਾਂ ਤੇ ਭੁਲਾਂਦਰਿਆਂ ਦਾ ਮਾਇਆ ਜਾਲ ਵੀ ਹੁੰਦਾ ਹੈ। ਇਹਨਾਂ ਦੀ ਪਛਾਣ ਤੇ ਬਣਦੀ ਨਗੇਸ਼ਨ ਅਤਿ ਜ਼ਰੂਰੀ ਹੈ। ਤਦ ਹੀ ਇਹ ਮਹਾਨ ਵਿਰਾਸਤਾਂ ਦੀ ਉੱਤਮਤਾ, ਉੱਦਾਂਤਤਾ ਤੇ ਜ਼ਿੰਦਗੀ ਦੇ ਵਡੇਰੇ ਵਿਜ਼ਨ ਨੂੰ ਉਸਾਰਨ ਵਿਚ ਵੱਡਾ ਯੋਗਦਾਨ ਪਾ ਸਕਦੀਆਂ ਹਨ। ਇਸ ਪ੍ਰਸੰਗ ਵਿਚ ਵਣਜਾਰਾ ਬੇਦੀ ਦਾ ਇਤਿਹਾਸਕ ਯੋਗਦਾਨ ਹੈ। ਉਸਨੇ ਪੰਜਾਬੀ ਲੋਕਧਾਰਾ ਪ੍ਰਤਿ ਡੂੰਘੀ ਦਿਲਚਸਪੀ ਜਗਾਈ ਹੈ। ਇਸਦੀ ਵਰਤਮਾਨ ਯੁੱਗ ਸਥਿਤੀਆਂ ਵਿਚ ਅਹਿਮ ਭੂਮਿਕਾ ਨੂੰ ਉਜਾਗਰ ਕੀਤਾ ਹੈ। ਅਸੀਂ ਥੁੜਾਂ ਮਾਰੇ ਘੱਟ ਉੱਨਤ ਸਮਾਜ ਦੇ ਵਸ਼ਿੰਦੇ ਜਿਸ ਮੁਨਾਫ਼ਾਖੋਰ ਚਮਕਦੀ ਮੰਡੀ ਦੀ ਗ੍ਰਿਫ਼ਤ ਵਿਚ ਬੇਮੁਹਾਰੇ ਗਿਰ ਰਹੇ ਹਾਂ, ਜਦੋਂ-ਜਦੋਂ ਸਾਨੂੰ ਆਪਣੀਆਂ ਗੜਬੜਾਂ, ਬੇਸਿਰ ਪੈਰ ਨਕਲਾਂ, ਖੋਖਲੀਆਂ ਸਿਰਫ


www.sanvad.org
ISSN : 2395-1273

ਦੇਹਮੂਲਕ ਤਲਾਫੀਆਂ 'ਚੋਂ ਥੱਕ ਹਫ ਕੇ ਅਕਲ ਆਵੇਗੀ, ਤਾਂ ਇਹ ਨਿਗਰ ਵਿਰਾਸਤੀ ਧਰੋਹਰਾਂ ਫਿਰ ਸਾਡੇ ਲਈ ਨਵੀਆਂ ਰਾਹਾਂ, ਉੱਜਵਲ ਚਾਹਤਾਂ ਲਈ ਸਹਾਈ ਹੋਣਗੀਆਂ। ਅਜੋਕੇ ਬਹੁ-ਸਭਿਆਚਾਰਕ ਸੰਦਰਭਾਂ ਤੇ ਹੋਰ-ਹੋਰ ਵਿਸ਼ਵੀਕ੍ਰਿਤ ਹੋ ਰਹੇ ਸੰਸਾਰ ਵਿਚ ਇਹ ਸਾਡੀ ਨਿਵੇਕਲੀ ਮਾਨਵੀ ਪਛਾਣ ਤੇ ਬੁਲੰਦੀ ਦੀ ਨੀਂਹ ਬਣਨਗੀਆਂ।

ਵਣਜਾਰਾ ਬੇਦੀ ਨੇ ਪੰਜਾਬੀ ਰਹਿਤਲ ਦੇ ਜੀਵੰਤ ਵਰਤਾਰਿਆਂ ਤੇ ਲੋਕ ਸਾਹਿਤ ਨੂੰ ਰੀਝ ਤੇ ਨੀਝ ਨਾਲ ਪ੍ਰਤਖਿਆ ਹੈ। ਲੋਕ ਬੋਲੀ ਵਿਚ ਅਥਾਹ ਸਨੇਹ ਨਾਲ ਸਾਂਭਿਆ ਹੈ। ਇਹ ਇਸ ਅਣਥੱਕ ਸਿਰਜਣਸ਼ੀਲ ਸੁਪਨਸਾਜ਼ ਕਾਮੇ ਦਾ ਵੱਡੇ ਇਤਿਹਾਸਕ ਮਹੱਤਵ ਵਾਲਾ ਵੱਡਾ ਕੰਮ ਹੈ। ਭੈੜੀਆਂ ਮੁਸ਼ਕਲਾਂ, ਨਾ ਮੁੱਕਣ ਵਾਲੀਆਂ ਦੁਸ਼ਵਾਰੀਆਂ, ਆਰਥਿਕ ਮੰਦਹਾਲੀ, ਪਰਿਵਾਰਕ ਜ਼ਿੰਮੇਵਾਰੀਆਂ ਸਭ ਨੂੰ ਨਿਭਾ, ਨਿਪਟਾ ਕੇ ਉਸਨੇ ਜੀਵਨ ਦਾ ਸਵਾਸ-ਸਵਾਸ ਪੰਜਾਬੀ ਲੋਕਧਾਰਾ ਦੇ ਲੇਖੇ ਲਾਇਆ। ਬਿਮਾਰੀ ਨਾਲ ਲੜਦਿਆਂ ਵੀ ਹੱਠ ਧਰਮੀ ਨਾਲ **ਪੰਜਾਬੀ ਲੋਕਧਾਰਾ ਵਿਸ਼ਵ ਕੋਸ਼** ਨੂੰ ਸੰਪੂਰਨ ਕੀਤਾ, ਛਪਵਾਇਆ। ਉਹਨਾਂ ਦੇ ਇਹ ਲਫ਼ਜ਼ ਹੁੰਦੇ-ਸੁੰਦੇ ਕਲਪਣ, ਹੋਰਾਂ ਨੂੰ ਦੋਸ਼ ਦੇਣ, ਬਹਾਨੇ ਬਣਾ ਜੀਵਨ ਵਿਅਰਥ ਗਾਲਣ ਵਾਲਿਆਂ ਲਈ ਇਕ ਸੁਨੇਹਾ ਹਨ ਅਤੇ ਸਿਰਜਣਾਤਮਕ ਗਤੀਸ਼ੀਲ ਇਨਸਾਨਾਂ ਲਈ ਉਤਸ਼ਾਹੀ ਪ੍ਰੇਰਨਾ:

-ਪਾਂਧੀ ਅਤੇ ਪੰਧ ਦੋਵੇਂ ਇਕ ਦੂਜੇ ਵਿਚ ਸਮਾ ਗਏ ਹਨ।

- ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦੀ ਪਹਿਲੀ ਜਿਲਦ (1978) ਦੀ ਭੂਮਿਕਾ ਵਿਚ ਉਹ ਲਿਖਦੇ ਹਨ : "ਮੈਂ ਮਾਨਸਕ ਤੌਰ ਉਤੇ ਲੋਕਧਾਰਾ ਨਾਲ ਇੰਨਾ ਇਕਰਸ ਹੋ ਗਿਆ ਹਾਂ ਕਿ ਮੇਰੀ ਪਛਾਣ ਹੀ ਲੋਕਧਾਰਾ ਵਿਚ ਲੀਨ ਹੋ ਕੇ ਆਪਣਾ ਵੱਖਰਾ ਅਸਤਿਤਵ ਗਵਾ ਬੈਠੀ ਹੈ। ਲੋਕਧਾਰਾ ਮੇਰਾ ਪ੍ਰਾਣ ਹੈ, ਮੇਰੀ ਸ਼ਾਹ ਰਗ, ਇਸ ਨਾਲੋਂ ਟੁੱਟ ਕੇ ਮੈਂ ਜੀਅ ਨਹੀਂ ਸਕਦਾ। (ਪੰ. 6)

ਬੇਅੰਤ ਸਵੈ ਭਰੋਸਾ, ਸਿਦਕ ਦਿਲੀ, ਸਾਦਾ ਜੀਵਨ, ਉਚੇ ਦ੍ਰਿੜ੍ਹ ਇਰਾਦੇ, ਨਿਰਛਲਤਾ, ਮਾਸੂਮੀਅਤ ਤੇ ਸਭ ਤੋਂ ਉਪਰ ਜਾਨ ਹੂਲਵੀਂ ਮਿਹਨਤ ਵਣਜਾਰਾ ਬੇਦੀ ਦੀ ਨਰੋਈ ਸ਼ਖ਼ਸੀਅਤ ਦੇ ਨਿਗਰ ਲੱਛਣ ਹਨ। ਉਹ ਬੇਹੱਦ ਸੰਵੇਦਨਸ਼ੀਲ ਇਨਸਾਨ ਸਨ। ਉਸਦੇ ਉਚੇ ਗੁਣਾਤਮਕ ਅਤੇ ਵਿਸ਼ਾਲ ਗਿਣਾਤਮਕ ਲਿਖਤੀ ਕਾਰਜ ਨੇ ਲੋਕਧਾਰਾ ਅਧਿਐਨ ਦੇ ਸੈਆਂ ਦਰ ਖੋਲ੍ਹੇ ਹਨ। ਬੁਨਿਆਦੀ ਮੌਲਿਕ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ। ਉਸਨੇ ਸਾਫ਼, ਸਿਹਤਮੰਦ ਨਿਗਰ ਪੂਰਨੇ ਪਾਏ ਹਨ। ਲੋਕਧਾਰਾ ਦੇ ਸੱਚੇ ਸ਼ੈਦਾਈ ਤੇ ਪ੍ਰਬੁੱਧ ਲੋਕਧਾਰਾ ਸ਼ਾਸਤਰੀ ਵਜੋਂ ਉਸਦਾ ਯੋਗਦਾਨ ਬੇਮਿਸਾਲ ਹੈ। ਉਸਦੇ ਅਤਿ ਭੈੜੀਆਂ ਹਾਲਤਾਂ ਮੰਦਹਾਲੀਆਂ ਵੇਲੇ ਆਪਣੀ ਪਤਨੀ ਪੁਸ਼ਪਾ ਨੂੰ ਬੋਲੇ ਇਹ ਸ਼ਬਦ ਉਸਦੀ ਬੁਲੰਦ ਸ਼ਖ਼ਸੀਅਤ ਦਾ ਇਜ਼ਹਾਰ ਹਨ:

"ਮੈਂ ਰੁਪਏ ਕਮਾਵਾਂਗਾ, ਢੇਰ। ਝਲੀਏ, ਮੈਂ ਜਿਧਰ ਵਗਿਆ ਹਾਂ, ਦਰਿਆ ਵਾਂਗ ਫੈਲਿਆ ਹਾਂ।"

ਪੈਸੇ ਤਾਂ ਖ਼ੈਰ ਉਸਨੇ ਜਿੰਨੇ ਕੁ ਕਮਾਏ, ਪਰ ਪੰਜਾਬੀ ਲੋਕਧਾਰਾ ਦਾ ਉਹ ਸੱਚੀਓਂ ਭਰ ਵਗਦਾ ਦਰਿਆ ਹੈ।

◈